ਪ੍ਰਾਈਵੇਟ ਕਮੇਟੀ ਬਾਰੇ ਤੱਥ ਸ਼ੀਟ

# ਅਕਸਰ ਪੁੱਛੇ ਜਾਂਦੇ ਸਵਾਲ

**ਸਵਾਲ: ਮੈਂ ਪ੍ਰਾਈਵੇਟ ਕਮੇਟੀ ਬਣਨ ਲਈ ਕਿਸ ਤਰ੍ਹਾਂ ਅਰਜ਼ੀ ਕਰਾਂ? ਕਾਨੂੰਨੀ ਫੀਸਾਂ ਕਿੰਨੀਆਂ ਹਨ?**

ਜਵਾਬ: ਨਿਯੁਕਤੀ ਲਈ ਤੁਹਾਨੂੰ ਬੀ ਸੀ ਦੀ ਸੁਪਰੀਮ ਕੋਰਟ ਅੱਗੇ ਅਰਜ਼ੀ ਦੇਣੀ ਪਵੇਗੀ। ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਅਰਜ਼ੀ ਵਾਸਤੇ ਲੋੜੀਂਦੇ ਸਬੂਤ ਅਤੇ ਕਾਨੂੰਨੀ ਦਸਤਾਵੇਜ਼ਾਂ ਇਕੱਤਰ ਕਰਨ ਲਈ ਤੁਸੀਂ ਕਿਸੇ ਵਕੀਲ ਦੀਆਂ ਸੇਵਾਵਾਂ ਹਾਸਲ ਕਰੋ। ਕੋਈ ਤਹਿ ਕੀਤੀ ਹੋਈ ਕਾਨੂੰਨੀ ਫੀਸ ਨਹੀਂ ਹੈ ਪਰ ਇਹ ਆਮ ਤੌਰ ’ਤੇ ਤਕਰੀਬਨ 2500 ਡਾਲਰ ਤੋਂ ਲੈ ਕੇ 5000 ਡਾਲਰ ਦੁਆਲੇ ਹੁੰਦੀ ਹੈ। ਆਮ ਤੌਰ ’ਤੇ ਕਾਨੂੰਨੀ ਖਰਚੇ ਬਾਲਗ ਦੀ ਜਾਇਦਾਦ ਵਿੱਚੋਂ ਦਿੱਤੇ ਜਾ ਸਕਦੇ ਹੁੰਦੇ ਹਨ, ਪਰ ਇਸ ਸਬੰਧੀ ਹਮੇਸ਼ਾਂ ਅਦਾਲਤ ਅਰਜ਼ੀ ਦੌਰਾਨ ਫੈਸਲਾ ਕਰਦੀ ਹੈ।

**ਸਵਾਲ: ਜੇ ਮੈਂ ਸੂਬੇ ਤੋਂ ਬਾਹਰ ਰਹਿੰਦਾ ਹੋਵਾਂ ਤਾਂ ਕੀ ਮੈਂ ਪ੍ਰਾਈਵੇਟ ਕਮੇਟੀ ਬਣਨ ਲਈ ਅਰਜ਼ੀ ਕਰ ਸਕਦਾ/ਸਕਦੀ ਹਾਂ?**

ਜਵਾਬ: ਹਾਂ। ਪਰ, ਜੇ ਤੁਸੀਂ ਸੂਬੇ ਤੋਂ ਬਾਹਰ ਰਹਿੰਦੇ ਹੋ ਤਾਂ ਤੁਹਾਡੇ ਵਾਸਤੇ ਕਮੇਟੀ ਦੇ ਕਈ ਫਰਜ਼ ਨਿਭਾਉਣੇ ਔਖੇ ਹੋ ਸਕਦੇ ਹਨ। ਤੁਸੀਂ ਅਦਾਲਤ ਨੂੰ ਇਹ ਦਿਖਾਉਣ ਯੋਗ ਹੋਣੇ ਚਾਹੀਦੇ ਹੋ ਕਿ ਤੁਹਾਡੇ ਲਈ ਆਪਣੇ ਫਰਜ਼ ਅਤੇ ਜ਼ਿੰਮੇਵਾਰੀਆਂ ਨਿਭਾਉਣ ਲਈ ਦੂਰੀ ਕਿਸੇ ਤਰ੍ਹਾਂ ਵੀ ਸਮੱਸਿਆ ਨਹੀਂ ਬਣੇਗੀ।

**ਸਵਾਲ: ਕਮੇਟੀ ਵਜੋਂ ਨਿਯੁਕਤ ਹੋਣ ਲਈ ਕਿੰਨਾ ਕੁ ਚਿਰ ਲੱਗ ਜਾਂਦਾ ਹੈ?**

ਜਵਾਬ: ਜਦੋਂ ਇਕ ਵਾਰ ਤੁਹਾਡਾ ਵਕੀਲ ਸੁਣਵਾਈ ਦੀ ਤਰੀਕ ਤਹਿ ਕਰ ਲਵੇ, ਤਾਂ ਇਹ ਨਿਯੁਕਤੀ ਛੇਆਂ ਤੋਂ ਅੱਠਾਂ ਹਫਤਿਆਂ ਦੇ ਵਿੱਚ ਵਿੱਚ ਹੋ ਸਕਦੀ ਹੈ।

**ਸਵਾਲ: ਕਦੇ ਕਦੇ ਬਾਂਡ ਰੱਖਣ ਦੀ ਕਿਉਂ ਜ਼ਰੂਰਤ ਪੈਂਦੀ ਹੈ?**

ਜਵਾਬ: ਅਦਾਲਤ ਅਕਸਰ ਆਪਣੀ ਪਹੁੰਚ ਵਿੱਚ ਕਾਫੀ ਚੌਕਸ ਹੁੰਦੀ ਹੈ ਤੇ ਸੁਰੱਖਿਆ ਨੂੰ ਜ਼ਰੂਰੀ ਸਮਝਦੀ ਹੈ। ਬੀ ਸੀ ਦੀ ਕੋਰਟ ਆਫ ਅਪੀਲ ਨੇ ਇਹ ਸੰਕੇਤ ਦਿੱਤਾ ਹੈ ਕਿ ਬਾਂਡ ਰੱਖਿਆ ਜਾਣਾ ਚਾਹੀਦਾ ਹੈ ਤਾਂ ਕਿ “ਅਣਦੇਖੀਆਂ ਅਤੇ ਅਣਕਿਆਸੀਆਂ” ਗੱਲਾਂ ਬਾਰੇ ਸੁਰੱਖਿਆ ਕਾਇਮ ਕੀਤੀ ਜਾ ਸਕੇ। ਜੇ ਅਦਾਲਤ ਇਸ ਗੱਲ ਵਿੱਚ ਯਕੀਨ ਕਰਦੀ ਹੋਵੇ ਕਿ ਸੰਭਾਵੀ ਕਮੇਟੀ ਪੈਸੇ ਲੈ ਕੇ ਫਰਾਰ ਹੋ ਜਾਵੇਗੀ, ਤਾਂ ਉਹ ਪਹਿਲਾਂ ਹੀ ਅਰਜ਼ੀ ਕਰਨ ਵਾਲੇ ਨੂੰ ਕਮੇਟੀ ਵਜੋਂ ਨਿਯੁਕਤ ਨਹੀਂ ਕਰੇਗੀ। ਅਦਾਲਤ ਇਸ ਗੱਲ ਨੂੰ ਵਿਚਾਰਦੀ ਹੈ ਕਿ ਕੀ ਬਾਲਗ ਨੇ ਅਰਜ਼ੀ ਕਰਨ ਵਾਲੇ ਨੂੰ ਭਰੋਸੇਯੋਗ ਸਮਝਿਆ ਹੈ ਕਿ ਨਹੀਂ, ਉਦਾਹਰਨ ਵਜੋਂ, ਉਹਨੂੰ ਪਾਵਰ ਆਫ ਅਟਾਰਨੀ ਨਿਯੁਕਤ ਕੀਤਾ ਹੈ ਜਾਂ ਨਹੀਂ, ਵਸੀਅਤ ਨੂੰ ਲਾਗੂ ਕਰਨ ਲਈ ਨਾਮਜੱਦ ਕੀਤਾ ਹੈ ਜਾਂ ਨਹੀਂ, ਵਿਆਹ ਹੋਏ ਨੂੰ ਕਿੰਨਾ ਸਮਾਂ ਹੋਇਆ ਹੈ, ਜਾਂ ਸਾਂਝੀ ਜਾਇਦਾਦ ਰੱਖਣ ਦਾ ਕੋਈ ਇਤਿਹਾਸ ਹੈ।

**ਸਵਾਲ: ਕੀ ਕਮੇਟੀ ਲਈ ਕੀਤੀ ਸੇਵਾ ਬਦਲੇ ਮੈਂ ਕਿਸੇ ਫੀਸ ਦਾ/ਦੀ ਹੱਕਦਾਰ ਹਾਂ?**

ਜਵਾਬ: ਜਦੋਂ ਤੁਹਾਡੇ ਖਾਤਿਆਂ ਨੂੰ ਪਾਸ ਕੀਤਾ ਜਾਂਦਾ ਹੈ ਤਾਂ ਪਬਲਿਕ ਗਾਰਡੀਅਨ ਅਤੇ ਟਰੱਸਟੀ ਫੀਸ ਤਹਿ ਕਰਦੇ ਹਨ। ਇਕ ਵਿਸ਼ੇਸ਼ ਫਾਰਮੂਲੇ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤੋਂ ਪਹਿਲਾਂ ਕਿ ਕਮੇਟੀ ਖੁਦ ਨੂੰ ਫੀਸ ਦੇਵੇ ਉਸ ਲਈ ਪਬਲਿਕ ਗਾਰਡੀਅਨ ਅਤੇ ਟਰੱਸਟੀ ਦੀ ਸਹਿਮਤੀ ਲੈਣੀ ਜ਼ਰੂਰੀ ਹੈ।

**ਸਵਾਲ: ਕੀ ਕੋਈ ਵਿਅਕਤੀ ਜਿਸ ਨੂੰ ਆਪਣੇ ਕਾਰੋਬਾਰ ਦਾ ਪ੍ਰਬੰਧ ਕਰਨ ਲਈ ਅਯੋਗ (ਇਨਕੇਪੇਬਲ) ਘੋਸ਼ਿਤ ਕੀਤਾ ਗਿਆ ਹੋਵੇ, ਵਿਆਹ ਕਰਵਾ ਸਕਦਾ ਹੈ?**

ਜਵਾਬ: ਹਾਂ। ਜੇ ਉਹ ਇਸ ਗੱਲ ਨੂੰ ਸਮਝ ਸਕਦਾ ਹੋਵੇ ਕਿ ਵਿਆਹ ਸਮਝੌਤਾ ਕੀ ਹੈ। ਡਾਕਟਰ ਇਸ ਯੋਗਤਾ ਬਾਰੇ ਫੈਸਲਾ ਦੇ ਸਕਦਾ ਹੈ। ਕਾਨੂੰਨੀ ਸਲਾਹ ਮਸ਼ਵਰੇ ਦੀ ਵੀ ਸਿਫਾਰਿਸ਼ ਕੀਤੀ ਜਾਂਦੀ ਹੈ।

Private Committee Services
Public Guardian and Trustee
#700 - 808 West Hastings Street
Vancouver, BC V6C 3L3

Public Guardian and Trustee of British Columbia

ਫੋਨ: 604-660-1500
ਫੈਕਸ: 604-660-4456
ਵੈੱਬਸਾਈਟ: www.trustee.bc.ca

**ਸਵਾਲ: ਕੀ ਮੈਂ ਰੀਅਲ ਇਸਟੇਟ ਵਿੱਚ ਪੂੰਜੀ ਨਿਵੇਸ਼ ਕਰ ਸਕਦਾ/ਸਕਦੀ ਹਾਂ?**

ਜਵਾਬ: ਰੀਅਲ ਇਸਟੇਟ ਵਿੱਚ ਪੂੰਜੀ ਨਿਵੇਸ਼ ਕਰਨ ਦੀ ਆਗਿਆ ਨਹੀਂ ਹੈ ਜੇ ਉਹ ਘਰ ਅਯੋਗ (ਇਨਕੰਪੀਟੈਂਟ) ਵਿਅਕਤੀ ਦੇ ਰਹਿਣ ਵਾਲਾ ਮੁੱਖ ਥਾਂ ਨਾ ਹੋਵੇ। ਇਹ ਗੱਲ ਫਾਈਲ ਦੇ ਇੰਚਾਰਜ ਕਮੇਟੀ ਰੀਵਿਊ ਅਫਸਰ ਨਾਲ ਵਿਚਾਰੀ ਜਾਣੀ ਚਾਹੀਦੀ ਹੈ। ਹੋਰ ਹਾਲਤਾਂ ਵਿੱਚ, ਅਯੋਗ ਵਿਅਕਤੀ ਵਾਸਤੇ ਰੀਅਲ ਇਸਟੇਟ ਵਿੱਚ ਪੂੰਜੀ ਨਿਵੇਸ਼ ਕਰਨ ਲਈ ਕਮੇਟੀ ਅਦਾਲਤ ਦੇ ਹੁਕਮ ਰਾਹੀਂ ਅਦਾਲਤ ਦੀ ਸਹਿਮਤੀ ਲੈ ਸਕਦੀ ਹੈ।

**ਸਵਾਲ: ਕੀ ਜਿਹੜੇ ਵਿਅਕਤੀ ਲਈ ਮੈਂ ਕਮੇਟੀ ਹਾਂ ਉਹ ਆਪਣੀ ਵਸੀਅਤ ਬਣਾ ਸਕਦਾ ਹੈ?**

ਜਵਾਬ: ਜੇ ਉਸ ਵਿਅਕਤੀ ਵਿੱਚ ਅਜਿਹੀ ਯੋਗਤਾ ਹੋਵੇ ਜਿਸਨੂੰ "ਟੈਸਟਾਮੈਂਟਰੀ ਕੈਪਿਸਟੀ" ਕਿਹਾ ਜਾਂਦਾ ਹੈ, – ਇਹ ਸਮਝਣ ਦੀ ਯੋਗਤਾ ਕਿ ਵਸੀਅਤ ਕੀ ਹੈ ਅਤੇ ਇਸ ਵਿੱਚ ਲਿਖੇ ਦਾ ਕੀ ਮਤਲਬ ਹੈ– ਤਾਂ ਸ਼ਾਇਦ ਉਹ ਵਸੀਅਤ ਬਣਾ ਸਕਦਾ ਹੋਵੇ। ਇਸ ਯੋਗਤਾ ਦੇ ਹੋਣ ਜਾਂ ਨਾ ਹੋਣ ਦਾ ਫੈਸਲਾ ਡਾਕਟਰ ਕਰ ਸਕਦਾ ਹੈ। ਇਸ ਸਬੰਧੀ ਕਾਨੂੰਨੀ ਸਲਾਹ ਮਸ਼ਵਰਾ ਵੀ ਲਿਆ ਜਾਣਾ ਚਾਹੀਦਾ ਹੈ।

**ਸਵਾਲ: ਕੀ ਮੈਂ ਉਸ ਵਿਅਕਤੀ ਵਾਸਤੇ ਜਿਸ ਲਈ ਮੈਨੂੰ ਕਮੇਟੀ ਨਿਯੁਕਤ ਕੀਤਾ ਗਿਆ ਹੈ, ਕਿਸੇ ਪਾਲਸੀ ਵਿੱਚਲੇ ਲਾਭ-ਪਾਤਰ ਨੂੰ ਬਦਲ ਸਕਦਾ/ਸਕਦੀ ਹਾਂ ਜਾਂ ਇਸਟੇਟ (ਜਾਇਦਾਦ) ਦੀ ਪਲੈਨ ਬਣਾ ਸਕਦਾ/ਸਕਦੀ ਹਾਂ?**

ਜਵਾਬ: ਨਹੀਂ। ਕਮੇਟੀ ਨੂੰ ਅਯੋਗ ਵਿਅਕਤੀ ਵਲੋਂ ਇਸਟੇਟ (ਜਾਇਦਾਦ) ਸਬੰਧੀ ਯੋਜਨਾ ਬਣਾਉਣ ਦੇ ਫੈਸਲੇ ਕਰਨ ਦਾ ਅਧਿਕਾਰ ਨਹੀਂ ਹੈ। ਕਮੇਟੀ ਇਹੋ ਜਿਹਾ ਕੋਈ ਕਦਮ ਨਹੀਂ ਚੁੱਕ ਸਕਦੀ ਜਿਹੜਾ ਬਾਲਗ ਵਿਅਕਤੀ ਦੀ ਜਾਇਦਾਦ ਦੀ ਵੰਡ ਵਿੱਚ ਤਬਦੀਲੀ ਕਰਦਾ ਹੋਵੇ। ਜੇ ਅਯੋਗ ਵਿਅਕਤੀ ਵਿੱਚ ਟੈਸਟਾਮੈਂਟਰੀ ਕੈਪਿਸਟੀ ਹੋਵੇ ਤਾਂ ਉਹ ਜਾਇਦਾਦ ਦੇ ਪ੍ਰਬੰਧ ਸਬੰਧੀ ਸਿੱਧੇ ਫੈਸਲੇ ਕਰ ਸਕਦਾ/ਸਕਦੀ ਹੈ।

**ਸਵਾਲ: ਕਿਸੇ ਵਿਅਕਤੀ ਨੂੰ ਯੋਗ ਕਿਸ ਤਰ੍ਹਾਂ ਘੋਸ਼ਿਤ ਕੀਤਾ ਜਾਂਦਾ ਹੈ?**

ਜਵਾਬ: ਪਹਿਲਾਂ ਇਸ ਗੱਲ ਦਾ ਪੱਕ ਕਰਨ ਵਾਸਤੇ ਡਾਕਟਰ ਨਾਲ ਸਲਾਹ ਮਸ਼ਵਰਾ ਕਰੋ ਕਿ ਵਿਅਕਤੀ ਆਪਣੇ ਕੰਮਾਂ ਕਾਰਾਂ ਅਤੇ/ਜਾਂ ਖੁਦ ਦੀ ਦੇਖ ਭਾਲ ਕਰਨ ਦੇ ਯੋਗ ਹੈ ਜਾਂ ਨਹੀਂ। ਜੇ ਡਾਕਟਰ ਇਹ ਫੈਸਲਾ ਕਰ ਦੇਵੇ ਕਿ ਅਸਾਮੀ (ਕਲਾਇੰਟ) ਆਪਣੇ ਫੈਸਲੇ ਆਪ ਕਰਨ ਯੋਗ ਹੈ, ਤਾਂ ਤੁਹਾਨੂੰ ਵਕੀਲ ਨਾਲ ਸੰਪਰਕ ਕਰਨਾ ਚਾਹੀਦਾ ਹੈ। ਤੁਹਾਡਾ ਵਕੀਲ ਵਿਅਕਤੀ ਨੂੰ ਯੋਗ ਘੋਸ਼ਿਤ ਕਰਾਉਣ ਵਾਸਤੇ ਅਦਾਲਤ ਕੋਲ ਲੋੜੀਂਦੀ ਅਰਜ਼ੀ ਕਰ ਸਕਦਾ ਹੈ।

**ਸਵਾਲ: ਜੇ ਕਮੇਟੀ ਦੀ ਮੌਤ ਹੋ ਜਾਵੇ ਤਾਂ ਅਜਿਹੀ ਹਾਲਤ ਵਿੱਚ ਕੀ ਹੁੰਦਾ ਹੈ?**

ਜਵਾਬ: ਕਮੇਟੀ ਦੀ ਥਾਂ ਲੈਣ ਵਾਸਤੇ ਕੋਈ ਹੋਰ ਵਿਅਕਤੀ ਅਰਜ਼ੀ ਦੇ ਸਕਦਾ ਹੈ; ਨਹੀਂ ਤਾਂ ਪਬਲਿਕ ਗਾਰਡੀਅਨ ਅਤੇ ਟਰੱਸਟੀ ਉਸ ਵਿਅਕਤੀ ਦੇ ਕੰਮਾਂ-ਕਾਰਾਂ ਦੀ ਦੇਖ ਭਾਲ ਕਰੇਗਾ।

**ਸਵਾਲ: ਜੇ ਉਸ ਵਿਅਕਤੀ ਦੀ ਮੌਤ ਹੋ ਜਾਵੇ ਜਿਸ ਵਾਸਤੇ ਮੈਂ ਕਮੇਟੀ ਹਾਂ ਤਾਂ ਕੀ ਹੁੰਦਾ ਹੈ?**

ਜਵਾਬ: ਕਮੇਟੀ ਦਾ ਅਧਿਕਾਰ ਉਨਾ ਚਿਰ ਕਾਇਮ ਰਹਿੰਦਾ ਹੈ ਜਿੰਨਾ ਚਿਰ ਕੋਈ ਪ੍ਰਬੰਧਕ ਜਾਂ ਕਾਰਜਕਰਤਾ (ਐਗਜ਼ੈਕਟਰ) ਨਿਯੁਕਤ ਨਹੀਂ ਕੀਤਾ ਜਾਂਦਾ। ਇਹ ਪੇਸ਼ਿੰਟ ਪ੍ਰਾਪਰਟੀ ਐਕਟ ਦੇ ਸੈਕਸ਼ਨ 24 ਵਿੱਚ ਦਰਜ ਕੀਤਾ ਹੋਇਆ ਹੈ। ਕਮੇਟੀ ਨੂੰ ਬਰਖਾਸਤ ਕਰਨ ਲਈ ਅਤੇ ਫਾਈਲ ਨੂੰ ਬੰਦ ਕਰਨ ਵਾਸਤੇ ਸਾਡੇ ਦਫਤਰ ਨੂੰ ਕੁਝ ਦਸਤਾਵੇਜ਼ਾਂ ਦੀ ਲੋੜ ਪਵੇਗੀ।

ਜੇ ਕਮੇਟੀਸ਼ਿੱਪ ਬਾਰੇ ਤੁਹਾਡੇ ਕੋਈ ਹੋਰ ਸਵਾਲ ਹੋਣ ਤਾਂ ਕਿਰਪਾ ਕਰਕੇ ਪ੍ਰਾਈਵੇਟ ਕਮੇਟੀ ਸੇਵਾਵਾਂ (ਸਰਵਿਸਜ਼) ਬਾਰੇ ਜਾਣਕਾਰੀ ਲਈ – www.trustee.bc.ca 'ਤੇ ਦੇਖੋ ਜਾਂ ਪ੍ਰਾਈਵੇਟ ਕਮੇਟੀ ਸਰਵਿਸਜ਼ ਡੀਪਾਰਟਮੈਂਟ ਨਾਲ ਸੰਪਰਕ ਕਰੋ – (604) 660-1500, ਜਾਂ ਬੀ ਸੀ ਵਿੱਚ ਟੌਲ ਫਰੀ ਨੰਬਰ 'ਤੇ – 1 (800) 663-7867 ਫੋਨ ਕਰੋ ਅਤੇ ਇਸ ਨੰਬਰ (604) 660-1500 'ਤੇ ਜਾਣ ਦੀ ਮੰਗ ਕਰੋ।

May 2006

Private Committee Services
Public Guardian and Trustee
#700 - 808 West Hastings Street
Vancouver, BC  V6C 3L3

PUBLIC GUARDIAN AND TRUSTEE OF BRITISH COLUMBIA

ਫੋਨ: 604-660-1500
ਫੈਕਸ: 604-660-4456
ਵੈੱਬਸਾਈਟ: www.trustee.bc.ca